# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ/ਐ.ਸਿ.) ਬਠਿੰਡਾ

E-Mail id: deose/ee.bathinda@punjabeducation.gov.in

ਸੇਵਾ ਵਿਖੇ

1. ਸਮੂਹ ਸਕੂਲ ਮੁੱਖੀ (ਸਸਸਸ, ਸਹਸ, ਸਮਿਸ, ਸਪਸ)
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ

**ਜਿਲ੍ਹਾ ਬਠਿੰਡਾ।**

ਪੱਤਰ ਨੰ: ਜੀ1/1()/2024/ 10046 ਮਿਤੀ ਬਠਿੰਡਾ: 24.07.2024

ਵਿਸ਼ਾ : - Plantation of the trees on the Govenment lands during the monsoon season.

ਹਵਾਲਾ:- 1. ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ ਦੇ ਮੀਮੋ ਨੰ. ਸਸਅ/ਸਮਾਰਟ ਸਕੂਲ/2024-25/720987/171834 ਮਿਤੀ 16.07.2024

2. ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਬਠਿੰਡਾ ਦੇ ਪੱਤਰ ਨੰ. 3184-88 ਮਿਤੀ 9/7/24 ਅਤੇ ਪੱਤਰ ਨੰ. 2721-22 ਮਿਤੀ 27/6/24

3. ਦਫਤਰ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੇ ਪੱਤਰ ਨੰ. 5047-74 ਮਿਤੀ 12/07/2024

4. ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ ਦੇ ਮੀਮੋ ਨੰ. ਈ-614318-2169 ਮਿਤੀ ਸਅਸ ਨਗਰ: 22.07.2024 ਅਤੇ

ਇਸ ਦਫਤਰ ਦੇ ਪੱਤਰ ਨੰ. ਜੀ/1( )/2024/2115 ਮਿਤੀ 21/07/24, ਜੀ/1( )/2024/2107 ਮਿਤੀ 22/07/24, ਜੀ/1( )/2024/2098 ਮਿਤੀ 11/07/24 ਅਤੇ ਜੀ/1( )/2024/2075 ਮਿਤੀ 03/07/24 ਸਬੰਧੀ।

ਵਿਸ਼ਾ ਅੰਕਿਤ ਹਵਾਲਾ ਪੱਤਰਾਂ ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਦੀ ਪ੍ਰਧਾਨਗੀ ਹੇਠ ਮਿਤੀ 17-07-2024 ਨੂੰ ਵੀਡਿਓ ਕਾਨਫਰੰਸ ਰਾਹੀਂ ਮੀਟਿੰਗ ਰੱਖੀ ਗਈ ਸੀ, ਇਸ ਮੀਟਿੰਗ ਵਿੱਚ ਸਕੱਤਰ ਸਕੂਲ ਸਿੱਖਿਆ ਪੰਜਾਬ, ਸਕੱਤਰ -ਕਮ- ਵਿੱਤੀ ਕਮਿਸ਼ਨਰ ਪੰਜਾਬ (ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਪੰਜਾਬ), ਸਪੈਸ਼ਲ ਸਕੱਤਰ ਸਕੂਲ ਸਿੱਖਿਆ ਪੰਜਾਬ, ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਡਾਇਰੈਕਟਰ ਸਕੂਲ ਸਿੱਖਿਆ ਵਿਭਾਗ (ਸੈ.ਸਿ ਅਤੇ ਐ.ਸਿ) ਪੰਜਾਬ, ਸਮੂਹ ਜਿਲ੍ਹਾ ਸਿੱਖਿਆ ਅਫਸਰ ਪੰਜਾਬ, ਸਮੂਹ ਜਿਲ੍ਹਾ ਵਣ ਮੰਡਲ ਅਫਸਰ ਪੰਜਾਬ ਸ਼ਾਮਿਲ ਸਨ ਅਤੇ ਇਸ ਮੀਟਿੰਗ ਵਿੱਚ 2 ਹਫਤਿਆਂ ਦੇ ਅੰਦਰ ਸਮੂਹ ਜਿਲ੍ਹੇ ਦੇ ਜਿਲ੍ਹਾ ਵਣ ਮੰਡਲ ਅਫਸਰਾਂ ਨਾਲ ਤਾਲਮੇਲ ਕਰਦੇ ਹੋਏ ਪੌਦੇ ਲਗਾਉਣ ਸਬੰਧੀ ਦਿਸ਼ਾਂ ਨਿਰਦੇਸ਼ ਜਾਰੀ ਕੀਤੇ ਗਏ ਸਨ। ਇਸ ਸਬੰਧੀ ਇਸ ਦਫਤਰ ਵੱਲੋਂ ਸਮੇਂ ਸਮੇਂ ਤੇ ਆਪ ਸਭ ਸਕੂਲ ਮੁੱਖੀਆਂ ਨਾਲ ਰਾਬਤਾ ਕਰਕੇ ਅਤੇ ਪੱਤਰਾਂ ਰਾਹੀਂ ਜਾਣੂ ਕਰਵਾਇਆ ਗਿਆ ਸੀ ਅਤੇ ਆਪ ਵੱਲੋਂ ਭੇਜੀ ਗਈ ਡਿਮਾਂਡ ਅਨੁਸਾਰ ਪੌਦੇ ਨੇੜੇ ਦੀ ਨਰਸਰੀ ਤੋਂ ਲੈਣ ਸਬੰਧੀ ਆਖਿਆ ਗਿਆ ਸੀ, ਪ੍ਰੰਤੂ ਜਿਲ੍ਹਾ ਵਣ ਮੰਡਲ ਅਫਸਰ ਵੱਲੋਂ ਇਸ ਦਫਤਰ ਦੇ ਧਿਆਨ ਵਿੱਚ ਲਿਆਇਆ ਗਿਆ ਹੈ ਕਿ ਅਜੇ ਤੱਕ 35% ਡਿਮਾਂਡ ਹੀ ਪੂਰੀ ਕੀਤੀ ਗਈ ਹੈ। ਇਸ ਲਈ ਇਸ ਪੱਤਰ ਰਾਹੀਂ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੀ ਨੇੜੇ ਦੀ ਸਰਕਾਰੀ ਨਰਸਰੀ ਨਾਲ ਰਾਬਤਾ ਕਰਕੇ ਭੇਜੀ ਗਈ ਡਿਮਾਂਡ ਅਨੁਸਾਰ ਪੌਦੇ ਮਿਤੀ 27/07/2024 ਤੱਕ ਲਗਵਾਏ ਜਾਣ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ। ਇਸ ਸਬੰਧੀ ਰਿਪੋਰਟ ਜਿਲ੍ਹਾ ਵਣ ਮੰਡਲ ਅਫਸਰ ਦੁਆਰਾ ਸਿੱਧੇ ਤੌਰ ਤੇ ਸਿੱਖਿਆ ਵਿਭਾਗ ਨੂੰ ਭੇਜੀ ਜਾਂਦੀ ਹੈ।

ਨੱਥੀ : ਪੱਤਰਾਂ ਦੀ ਕਾਪੀ।

24/7/24

**ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.)**
**ਬਠਿੰਡਾ ।**

# ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

deose.bathinda@punjabeducation.gov.in

ਵੱਲ

**ਸਮੂਹ ਸਕੂਲ ਮੁਖੀ**
**ਸਸਸਸ/ਸਹਸ/ਸਮਿਸ**
**ਜਿਲ੍ਹਾ ਬਠਿੰਡਾ**
ਪੱਤਰ ਨੰ: ਜੀ-1/1 ( )2024 / 10008
ਮਿਤੀ ਬਠਿੰਡਾ : 15/07/2024

**ਵਿਸ਼ਾ :** **Plantation of the trees on the Government lands during the monsoon season.**

ਹਵਾਲਾ : ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਪੱਤਰ ਨੰਬਰ 3184-88 ਮਿਤੀ:09/07/2024 ਦੇ ਸਬੰਧ ਵਿਚ ।

ਉਪਰੋਕਤ ਵਿਸ਼ਾ ਹਵਾਲਾ ਅੰਕਿਤ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਵੱਲੋਂ ਦਰੱਖਤਾਂ ਸਬੰਧੀ ਜੋ ਗੂਗਲ ਸ਼ੀਟ ਵੱਲੋਂ ਭਰਵਾਈ ਗਈ ਹੈ ,ਉਸ ਡਿਮਾਂਡ ਸਬੰਧੀ (ਸਕੂਲਾਂ ਦੀ ਲਿਸਟ )ਨਾਲ ਨੱਥੀ ਲਿਸਟ ਅਨੁਸਾਰ ਸਬੰਧਤ ਸਕੂਲ ਮੁਖੀ ,ਸਕੂਲ ਦੇ ਨਾਲ ਲੱਗਦੀਆਂ ਨਰਸਰੀਆਂ ਤੋਂ **ਮਿਤੀ: 16/07/24 ਤੋਂ 17/07/24 ਤੱਕ** ਬੂਟੇ ਪ੍ਰਾਪਤ ਕਰਨੇ ਯਕੀਨੀ ਬਣਾਉਣ । ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ ।

Skumar 15/7/24
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

ਪਿਠ ਅੰਕਣ ਨੰ: ਉਕਤ ਮਿਤੀ : ਉਕਤ
ਉਪਰੋਕਤ ਦਾ ਉਤਾਰਾ ਵਣ ਰੇਂਜ ਅਫਸਰ (ਬਠਿੰਡਾ ਮੰਡਲ ) ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

Skumar 15/7/24
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

1564
11/7/24


ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ
ਦਫ: ਵਣ ਮੰਡਲ ਅਫਸਰ, ਜੋਗਾਨੰਦ ਰੋਡ,
ਸਾਹਮਣੇ ਪਰਮਲ ਕਲੋਨੀ, ਬਠਿੰਡਾ (ਪੰਜਾਬ)
ਈ-ਮੇਲ dfobathinda@gmail.com
(ਲੇਖਾ ਸ਼ਾਖਾ)


ਸੇਵਾ ਵਿਖੇ

1) ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਐਂਡ ਸੈਨੀਟੇਸ਼ਨ ਵਿਭਾਗ, ਬਠਿੰਡਾ।
2) ਕਾਰਜਕਾਰੀ ਇੰਜੀਨੀਅਰ, ਪੰਜਾਬ ਮੰਡੀ ਬੋਰਡ, ਬਠਿੰਡਾ।
3) ਸਿਵਲ ਸਰਜਨ, ਬਠਿੰਡਾ।
4) ਜਿਲਾ ਸਿੱਖਿਆ ਅਫਸਰ (ਸੈ.ਸਿੱ) ਬਠਿੰਡਾ।
5) ਜਿਲਾ ਸਿੱਖਿਆ ਅਫਸਰ (ਐ.ਸਿੱ) ਬਠਿੰਡਾ।

ਨੰਬਰ 3184-88 ਮਿਤੀ 9/7/24

ਵਿਸ਼ਾ:- **Plantation of the trees on the Government lands during the monsoon season.**

ਹਵਾਲਾ ਵਿੱਤੀ ਕਮਿਸ਼ਨਰ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਜੀ ਦਾ ਮੀਮੋ ਨੰਬਰ 45/21/2024/ਐਫ.ਟੀ-2/6708 ਮਿਤੀ 04/06/2024

ਉਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੀ ਪਾਲਣਾ ਹਿੱਤ ਇਸ ਦਫਤਰ ਵੱਲੋਂ ਗੂਗਲ ਸੀਟ ਜਾਰੀ ਕਰਕੇ ਖਾਲੀ ਰਕਬੇ ਅਨੁਸਾਰ ਪਲਾਂਟਸ ਦੀ ਡਿਮਾਂਡ ਭਰਨ ਲਈ ਬੇਨਤੀ ਕੀਤੀ ਗਈ ਸੀ, ਜਿਸਦੇ ਸਬੰਧ ਵਿੱਚ ਬਠਿੰਡਾ ਜਿਲੇ ਦੇ ਵੱਖ-2 ਸਰਕਾਰੀ ਅਦਾਰਿਆਂ ਵੱਲੋਂ ਮਿਤੀ 08/07/2024 ਤੱਕ ਨਾਲ ਨੱਥੀ ਸੀਟ ਅਨੁਸਾਰ ਪਲਾਂਟਸ ਦੀ ਮੰਗ ਕੀਤੀ ਗਈ ਹੈ। ਇਸ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਦਫਤਰਾਂ/ਸਕੂਲਾਂ/ਡਿਸਪੈਸ਼ਰੀਆਂ ਆਦਿ ਨੂੰ ਉਹਨਾਂ ਵੱਲੋਂ ਭਰੀ ਗਈ ਡਿਮਾਂਡ ਅਨੁਸਾਰ ਲੋੜੀਂਦੇ ਬੂਟੇ ਹੇਠ ਦਰਸਾਈਆਂ ਸਰਕਾਰੀ ਨਰਸਰੀਆਂ ਵਿਚੋਂ ਪ੍ਰਾਪਤ ਕਰਕੇ ਇਸੇ ਮਾਨਸੂਨ ਸੀਜਨ ਦੌਰਾਨ ਪਲਾਂਟੇਸ਼ਨ ਕਰਨ ਸਬੰਧੀ ਹਦਾਇਤਾਂ ਜਾਰੀ ਕਰਨ ਦੀ ਖੇਚਲਾ ਕੀਤੀ ਜਾਵੇ ਜੀ।

| ਲੜੀ ਨੰ | ਵਣ ਰੇਂਜ ਅਫਸਰ ਦਾ ਨਾਮ | ਨਰਸਰੀ ਇੰਚਾਰਜ ਦਾ ਨਾਮ | ਨਰਸਰੀ |
|---|---|---|---|
| 1 | ਸ੍ਰੀ ਤੇਜਿੰਦਰ ਸਿੰਘ ਵਣ ਰੇਂਜ਼ ਅਫਸਰ ਬਠਿੰਡਾ 98155-66285 | ਸ੍ਰੀ ਜ਼ਸਪਿੰਦਰ ਸਿੰਘ ਵਣ ਗਾਰਡ 99889-32619 | ਬਠਿੰਡਾ ਨਰਸਰੀ |
| | | ਸ੍ਰੀ ਅਮਨਦੀਪ ਸਿੰਘ ਵਣ ਗਾਰਡ 94652-87292 | ਖਿਆਲੀਵਾਲਾ ਨਰਸਰੀ |
| | | ਸ੍ਰੀ ਰਣਬੀਰ ਕੌਰ ਵਣ ਗਾਰਡ 97818-02912 | ਜ਼ੋਧਪੁਰ ਰੋਮਾਣਾ |
| | | ਸ੍ਰੀ ਗੁਰਪਾਲ ਸਿੰਘ ਵਣ ਗਾਰਡ | ਗੋਬਿੰਦਪੁਰਾ ਨਰਸਰੀ |
| 2 | ਸ੍ਰੀ ਅਮਰਿੰਦਰ ਸਿੰਘ ਵਣ ਰੇਂਜ਼ ਅਫਸਰ ਬੀੜ ਤਲਾਬ 78373-30348 | ਸ੍ਰੀ ਸੁਮਿੰਦਰਪਾਲ ਸਿੰਘ ਵਣ ਗਾਰਡ 99883-04150 | ਜੰਗੀਰਾਣਾ ਨਰਸਰੀ |

ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ
ਦਫ: ਵਣ ਮੰਡਲ ਅਫਸਰ, ਜੋਗਾਨੰਦ ਰੋਡ,
ਸਾਹਮਣੇ ਧਰਮਲ ਕਲੋਨੀ, ਬਠਿੰਡਾ (ਪੰਜਾਬ)
ਈ-ਮੇਲ dfobathinda@gmail.com
(ਲੇਖਾ ਸ਼ਾਖਾ)

| | | | |
|---|---|---|---|
| 3 | ਸ੍ਰੀ ਬਲਦੇਵ ਸਿੰਘ ਵਣ ਰੇਂਜ਼ ਅਫਸਰ ਤਲਵੰਡੀ ਸਾਬੋ 99151-49655 | ਸ੍ਰੀ ਗੁਰਪ੍ਰੀਤ ਸਿਘ ਵਣ ਗਾਰਡ 94635-88971 | ਭਾਗੀਵਾਂਦਰ ਨਰਸਰੀ |
| | | ਸ੍ਰੀ ਭੂਸਣ ਕੁਮਾਰ ਵਣ ਗਾਰਡ 94637-07931 | ਮੌੜ ਨਰਸਰੀ |
| 4 | ਸ੍ਰੀ ਗੁਰਸੇਵਕ ਸਿੰਘ ਵਣ ਰੇਂਜ਼ ਅਫਸਰ ਰਾਮਪੁਰਾ 98154-41686 | ਸ੍ਰੀ ਸਿਮਰਜੀਤ ਕੌਰ ਵਣ ਗਾਰਡ 87288-74083 | ਰਾਮਪੁਰਾ (ਬੀੜ ਮੰਡੀ ਫੂਲ) |
| | | ਸ੍ਰੀ ਅਪਿੰਦਰ ਸਿੰਘ ਵਣ ਗਾਰਡ 92167-50038 | ਪੂਹਲਾ ਨਰਸਰੀ |
| | | ਸ੍ਰੀ ਦਵਿੰਦਰ ਸਿੰਘ, ਵਣ ਗਾਰਡ 79860-88725 | ਦਿਆਲਪੁਰਾ ਨਰਸਰੀ |
| | | ਸ੍ਰੀ ਸੁਖਦੀਪ ਸਿੰਘ ਵਣ ਗਾਰਡ 98148-16905 | ਸਿਧਾਣਾ ਨਰਸਰੀ |

ਵਣ ਮੰਡਲ ਅਫਸਰ,
ਬਠਿੰਡਾ।

ਪਿੱਠਅੰਕਣ ਨੰਬਰ ਮਿਤੀ

ਕਾਪੀ ਸਮੂਹ ਵਣ ਰੇਂਜ ਅਫਸਰ (ਬਠਿੰਡਾ ਮੰਡਲ) ਨੂੰ ਸਮੇਤ ਸ਼ੀਟ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਵਿਭਾਗਾਂ ਦੇ ਆ ਰਹੇ ਨੁਮਾਇੰਦਿਆਂ ਨੂੰ ਸ਼ੀਟ ਦੇ ਵੇਰਵੇ ਅਨੁਸਾਰ ਪੌਦੇ ਸਪਲਾਈ ਕੀਤੇ ਜਾਣ।

ਵਣ ਮੰਡਲ ਅਫਸਰ,
ਬਠਿੰਡਾ।